### ਲਾਰਡ ਹਟਨ ਦੀ ਰਿਪੋ੍ਟਃ

# ਮੌਜੂਦਾ ਰਾਜ-ਪ੍ਣਾਲੀ ਦੀ ਪ੍ਤੀਤ ਦਾ ਸੰਕਟ ਹੋਰ ਡੂੰਘਾ

ਜਨਵਰੀ ੨੮ ਨੂੰ ਲਾਰਡ ਹਟਨ ਨੇ ਬ੍ਰਤਾਨਵੀ ਸਿਵਲ ਸਰਵੈਂਟ ਡਾ. ਡੇਵਿਡ ਕੈਲੀ ਦੀ ਖ਼ੁਦਕਸ਼ੀ ਦੇ ਕਾਰਨਾਂ ਬਾਰੇ ਆਪਣੀ ਰਿਪੋ੍ਟ ਪੇਸ਼ ਕਰਦਿਆਂ ਕਿਹਾ ਕਿ ਟੋਨੀ ਬਲੇਅਰ ਅਤੇ ਉਹਦੀ ਸਰਕਾਰ ਨੇ ਕੋਈ ਅਣਉਚਿਤ ਗੱਲ ਨਹੀਂ ਕੀਤੀ ਤੇ ਜੋ ਵੀ ਕੀਤਾ ਠੀਕ ਕੀਤਾ। ਇਰਾਕ ਉਤੇ ਹਮਲੇ ਬਾਰੇ ਲੋਕਾਂ ਨਾਲ ਝੂਠ ਬੋਲਣ ਦੇ ਇਲਜ਼ਾਮ ਤੋਂ ਉਹਨੇ ਟੋਨੀ ਬਲੇਅਰ ਨੂੰ ਬਿਲਕੁਲ ਬਰੀ ਕਰਦਿਆਂ ਕਿਹਾ ਕਿ ਪ੍ਧਾਨ ਮੰਤਰੀ ਨੇ ਜੋ ਵੀ ਕੀਤਾ ਜਸੂਸੀ ਅਦਾਰਿਆਂ ਤੋ ਮਿਲੀਆਂ ਇਤਲਾਹਾਂ ਦੇ ਅਨੁਸਾਰ ਕੀਤਾ ਅਤੇ ਉਹੋ ਕੀਤਾ ਜੋ ਕਰਨਾ ਚਾਹੀਦਾ ਸੀ। ਟੋਨੀ ਬਲੇਅਰ ਨੂੰ ਦੁਧ ਧੋਤਾ ਪੇਸ਼ ਕਰਦੇ ਹੋਏ ਹੋਏ ਰਿਪੋ੍ਟ ਵਿਚ ਕਿਹਾ ਗਿਆ ਹੈ ਕਿ ਜੇ ਕੋਈ ਕਸੂਰ ਸੀ ਤਾਂ ਖ਼ੁਫ਼ੀਆ ਏਜੰਸੀਆਂ ਦਾ ਸੀ ਅਤੇ ਜਾਂ ਬੀ.ਬੀ.ਸੀ. ਦੇ ਰਿਪੋਟਰਾਂ ਅਤੇ ਮੈਨਜਰਾਂ ਦਾ ਸੀ ਜਿਨ੍ਹਾਂ ਨੇ ਵੇਖੇ ਪਰਖੇ ਬਗੈਰ ਹੀ ਟੋਨੀ ਬਲੇਅਰ ਅਤੇ ਉਹਦੀ ਸਰਕਾਰ ਉਤੇ ਝੂਠ ਬੋਲਣ ਦੇ ਇਲਜ਼ਾਮ ਲਾਏ।

ਅਖ਼ਬਾਰਾਂ ਤੇ ਟੈਲੀਵੀਜਨ ਦੀਆਂ ਰਿਪੋਟਾਂ ਖਬਰਾਂ ਦਸਦੀਆਂ ਹਨ ਕਿ ਲਾਰਡ ਹਟਨ ਦੀ ਇਸ ਰਿਪੋ੍ਟ ਦੀ ਆਮ ਲੋਕਾਂ ਵਿਚ ਕੋਈ ਪ੍ਤੀਤ ਨਹੀਂ ਅਤੇ ਲੋਕ ਕਹਿੰਦੇ ਕਿ ਇਹ ਐਂਵੇਂ ਪੋਚੇ ਪੋਣ ਵਾਲੀ ਰਿਪੋਰਟ ਹੈ। ਲੋਕ ਪੁਛ ਰਹੇ ਹਨ ਕਿ ਇਰਾਕ ਦੇ ਲੋਕ-ਮਾਰੂ ਹਥਿਆਰ ਕਿਥੇ ਹਨ ਜਿਨ੍ਹਾਂ ਦਾ ਬਹਾਨਾਂ ਲਾ ਕੇ ਟੋਨੀ ਬਲੇਅਰ ਤੇ ਬੁਸ਼ ਨੇ ਇਰਾਕ ਤੇ ਹਮਲਾ ਕੀਤਾ ਗਿਆ ਸੀ? ਲਾਰਡ ਹਟਨ ਨੇ ਆਪਣੀ ਰਿਪੋਟ ਵਿਚ ਕਿਹਾ ਕਿ ਇਰਾਕ ਉਤੇ ਹਮਲੇ ਵਿਚ ਬ੍ਰਤਾਨੀਆਂ ਨੂੰ ਅਮਰੀਕਾ ਦਾ ਜੋਟੀਦਾਰ ਬਣਾਉਣ ਲਈ ਅਤੇ ਲੋਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਜੰਗ ਪਿਛੇ ਲਾਮਬੰਦ ਕਰਨ ਲਈ ਟੋਨੀ ਬਲੇਅਰ ਅਤੇ ਉਸਦੀ ਸਰਕਾਰ ਵਲੋਂ ਵਰਤੀਆਂ ਗਈਆਂ ਸਟੇਟ ਦੀਆਂ ਖ਼ੁਫ਼ੀਆ ਏਜੰਸੀਆਂ ਦੀਆਂ ਇਤਲਾਹਾਂ ਦੇ ਠੀਕ ਜਾਂ ਗਲਤ ਹੋਣ ਦੀ ਪਰਖ ਕਰਨਾ ਉਹਦਾ ਕੰਮ ਨਹੀਂ ਸੀ। ਹਾਕਿਮ ਜਮਾਤਾਂ ਦੇ ਕਈ ਮੁਦੱਬਰ ਅਤੇ ਪਤਰਕਾਰ ਇਹ ਵੀ ਕਹਿ ਰਹੇ ਹਨ ਕਿ ਲਾਰਡ ਹਟਨ ਦੀ ਰਿਪੋ੍ਟ ਇਕ ਪਾਸੜ ਹੈ ਤੇ ਕਿਸੇ ਨੇ ਇਹਦੇ ਤੇ ਇਤਬਾਰ ਨਹੀਂ ਕਰਨਾ। ਉਹ ਕਹਿੰਦੇ ਹਨ ਕਿ ਜੇ ਇਸ ਰਿਪੋ੍ਟ ਵਿਚ ਲਾਰਡ ਹਟਨ ਨੇ ਥੋੜੀ ਬਹੁਤ ਸਰਕਾਰ ਦੀ ਵੀ ਨੁਕਤਾਚੀਨੀ ਕੀਤੀ ਹੁੰਦੀ ਤਾਂ ਲੋਕਾਂ ਵਿਚ ਸ਼ਾਇਦ ਇਹਦੀ ਮਾੜੀ ਮੋਟੀ ਪ੍ਤੀਤ ਬਣ ਹੀ ਜਾਂਦੀ। ਸੋ ਵਿਰੋਧੀ ਧਿਰਾਂ ਨੇ ਇਕ ਆਜ਼ਾਦ ਇਨਕੁਆਰੀ ਕਰਨ ਦੀ ਮੰਗ ਕੀਤੀ ਹੈ ਕਿ ਜੇ ਇਰਾਕ ਕੋਲ ਮਾਰੂ ਹਥਿਆਰ ਸਨ ਤਾਂ ਲੱਭਦੇ ਕਿਉਂ ਨਹੀਂ ਤੇ ਜੇ ਨਹੀਂ ਸਨ ਤਾਂ ਟੋਨੀ ਬਲੇਅਰ ਅਤੇ ਖੁਫੀਆ ਏਜੰਸੀਆਂ ਕਿਉਂ ਕਹਿੰਦੇ ਰਹੇ ਕਿ ਇਰਾਕ ਕੋਲ ਨਸਲਕੁਸ਼ੀ ਦੇ ਬੜੇ ਮਾਰੂ ਹਥਿਆਰ ਹਨ ਤੇ ਸੰਸਾਰ ਦੇ ਬਚਾਅ ਲਈ ਇਹਦੇ ਉਤੇ ਜ਼ਰੂਰ ਹੀ ਛੇਤੀ ਛੇਤੀ ਹਮਲਾ ਕਰਨਾ ਚਾਹੀਦਾ ਹੈ।

ਲਾਰਡ ਹਟਨ ਦੀ ਰਿਪੋ੍ਟ, ਸਾਮਰਾਜੀਏ, ਹਾਕਮ ਜਮਾਤਾਂ ਦੇ ਮਦੱਬਰ, ਵਿਰੋਧੀ ਧਿਰਾਂ ਦੇ ਲੀਡਰ, ਅਤੇ ਮੀਡੀਆ ਇਸ ਗੱਲ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਰਾਕ ਉਤੇ ਹਮਲੇ ਦੀਆਂ ਤਿਆਰੀਆਂ ਕਾਫੀ ਅਰਸੇ ਤੋਂ ਹੋ ਰਹੀਆਂ ਸਨ ਅਤੇ ਸਿਰਫ਼ ਬਹਾਨੇ ਲੱਭੇ ਜਾ ਰਹੇ ਸਨ। ਅਮਰੀਕਾ ਅਤੇ ਬ੍ਰਤਾਨੀਆਂ ਬੜੀ ਤਰਤੀਬ ਅਤੇ ਇਕ ਸੋਚੀ ਸਮਝੀ ਸਕੀਮ ਨਾਲ ਇਸ ਹਮਲੇ ਦੀਆਂ ਤਿਆਰੀਆਂ ਕਰ ਰਹੇ ਸਨ। ਇਹ ਸਾਮਰਾਜੀ ਸਰਕਾਰਾਂ ਅਤੇ ਇਨ੍ਹਾਂ ਦੇ ਸਾਰੇ ਅਦਾਰੇ ਅਤੇ ਹਾਕਿਮ ਜਮਾਤਾਂ ਦਾ ਮੀਡੀਆ ਝੂਠ ਅਤੇ ਅਫਵਾਹਾਂ ਰਾਹੀਂ ਲੋਕਾਂ ਦੀ ਹਿਮਾਇਤ ਜੰਗ ਦੇ ਹੱਕ ਵਿਚ ਹਾਸਿਲ ਕਰਨ ਲਈ ਹਰ ਤਰਾਂ ਦੇ ਹਥਕੰਡੇ ਵਰਤ ਰਹੇ ਸਨ। ਪਰ ਇਰਾਕ ਉਤੇ ਹਮਲੇ ਦੇ ਅਸਲੀ ਮੰਤਵਾਂ ਬਾਰੇ ਇਹ ਲੋਕਾਂ ਵਿਚ ਭਲੇਖੇ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੇ। ਦੁਨੀਆਂ ਭਰ ਦੇ ਲੋਕਾਂ ਨੇ ਕਰੋੜਾਂ ਦੀ ਗਿਣਤੀ ਵਿਚ ਸੜਕਾਂ ਤੇ ਆ ਕੇ ਜੰਗ ਦੇ ਖ਼ਿਲਾਫ਼ ਮੁਜ਼ਾਹਰੇ ਕੀਤੇ ਅਤੇ ਹੁਣ ਵੀ ਉਹ ਇਰਾਕ ਉਤੇ ਅਮਰੀਕੀ ਤੇ ਬ੍ਰਤਾਨਵੀ ਕਬਜ਼ੇ ਦੇ ਖ਼ਿਲਾਫ਼ ਡੱਟ ਕੇ ਆਵਾਜ਼ ਬੁਲੰਦ ਕਰ ਰਹੇ ਹਨ। ਹੋਰ ਤਾਂ ਹੋਰ ਇਹ ਤਾਂ ਯੂ.ਐਨ.ਓ. ਅਤੇ ਹੋਰ ਆਲਮੀ ਅਦਾਰਿਆਂ ਨੂੰ ਵੀ ਆਪਣੇ ਪ੍ਾਪੇਗੰਡੇ ਰਾਹੀ ਗੁਮਰਾਹ ਨਹੀ ਕਰ ਸਕੇ। ਇਰਾਕ ਉਤੇ ਕਬਜ਼ੇ ਦੇ ਮਹੀਨਿਆਂ ਬਾਅਦ ਵੀ ਇਰਾਕ ਵਿਚੋਂ ਨਸਲਕੁਸ਼ੀ ਦੇ ਕੋਈ ਹਥਿਆਰ ਨਾ ਲੱਭਣ ਕਰਕੇ ਇਨ੍ਹਾਂ ਦੀ ਪ੍ਤੀਤ ਦਾ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ ਅਤੇ ਹੁਣ ਇਰਾਕ ਵਿਚ ਮਾਰੂ ਹਥਿਆਰ ਲੱਭਣ ਲਈ ਭੇਜੀ ਗਈ ਅਮਰੀਕਾ ਦੀ ਆਪਣੀ ਟੀਮ ਦਾ ਮੁੱਖ-ਇੰਸਪੈਕਟਰ ਵੀ ਅਸਤੀਫ਼ਾ ਦੇ ਕੇ ਆ ਗਿਆ ਹੈ ਤੇ ਕਹਿ ਰਿਹਾ ਹੈ ਕਿ ਇਰਾਕ ਵਿਚ ਵੱਡੇ ਤਬਾਹਕਾਰੀ ਹਥਿਆਰ ਲੱਭਣ ਦਾ ਕੋਈ ਇਮਕਾਨ ਨਜ਼ਰ ਨਹੀਂ ਆ ਰਿਹਾ।

ਲੋਕਾਂ ਨੂੰ ਕੁਰਾਹੇ ਪਾਉਣ ਅਤੇ ਸਾਮਰਾਜ ਦੇ ਪਿਛੇ ਲਾਉਣ ਲਈ ਝੂਠੀਆਂ ਅਫਵਾਹਾਂ ਅਤੇ ਗਲਤ ਸੂਚਨਾਵਾਂ ਦਾ ਬਾਜ਼ਾਰ ਗਰਮ ਰਖਣਾ ਇਨ੍ਹਾਂ ਸਾਮਰਾਜੀਆਂ ਦੀ ਰਾਜ ਪ੍ਣਾਲੀ ਦਾ ਇਕ ਅਨਿਖੜਵਾਂ ਹਿੱਸਾ ਹੈ। ਲਾਰਡ ਹਟਨ ਦੀ ਰਿਪੋ੍ਟ ਨੂੰ ਇਸ ਸਿਲਸਿਲੇ ਦੀ ਇਕ ਕੜੀ ਵਜੋਂ ਹੀ ਵੇਖਣਾਂ ਚਹੀਦਾ ਹੈ ਜੋ ਸਾਮਰਾਜੀਆਂ ਦੀਆਂ ਕਰਤੂਤਾਂ ਤੇ ਪੋਚਾ ਫੇਰਨ ਅਤੇ ਲੋਕਾਂ ਨੂੰ ਬੁਧੂ ਬਣਾਉਣ ਦਾ ਇਕ ਨਾਕਾਮ ਯਤਨ ਹੈ।